ਸਤੰਬਰ 2022

ਪਿਆਰੇ ਮਾਪਿਓ, ਸਰਪ੍ਰਸਤ ਅਤੇ ਵਿਦਿਆਰਥੀਓ,

**ਵਿਦਿਆਰਥੀ ਦੇ ਟੀਕਾਕਰਨ ਦੀ ਸਥਿਤੀ ਦੀ ਰਿਪੋਰਟ ਕਰਨ ਦੀ ਲੋੜ ਬਾਰੇ**

ਬੀ.ਸੀ. ਸਰਕਾਰ ਮੰਗ ਕਰਦੀ ਹੈ ਕਿ ਬੀ.ਸੀ. ਦੇ ਸਾਰੇ ਵਿਦਿਆਰਥੀ ਆਪਣੇ ਟੀਕਾਕਰਨ ਦੀ ਰਿਪੋਰਟ ਦੇਣ। ਇਹ ਨਿਯਮ ਜਨਤਕ ਸਿਹਤ ਨੂੰ ਵਿਦਿਆਰਥੀਆਂ ਦੇ ਟੀਕਾਕਰਨ ਦੇ ਸਾਰੇ ਰਿਕਾਰਡ ਇਕੱਠੇ ਕਰਨ ਦੀ ਇਜਾਜ਼ਤ ਦਿੰਦਾ ਹੈ। ਸਾਰੇ ਰਿਕਾਰਡ ਸੂਬਾਈ ਟੀਕਾਕਰਨ ਰਜਿਸਟਰੀ ਵਿੱਚ ਇੱਕਠੇ ਕੀਤੇ ਜਾਂਦੇ ਹਨ। ਹੋਰ ਜਾਣਕਾਰੀ ਲਈ ਜਾਓ: See B.C.'s Vaccination Status Reporting Regulation for students

ਟੀਕਾਕਰਨ ਰਿਕਾਰਡ ਇਕੱਠੇ ਕਰਨ ਨਾਲ ਜਨਤਕ ਸਿਹਤ ਦੇ ਪ੍ਰਕੋਪ ਨੂੰ ਕੰਟਰੋਲ ਕਰਨ ਅਤੇ ਵਿਦਿਆਰਥੀਆਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਵਿੱਚ ਮਦਦ ਮਿਲਦੀ ਹੈ। ਜੇ ਕਿਸੇ ਸਕੂਲ ਵਿੱਚ ਕਿਸੇ ਬੀਮਾਰੀ ਨਾਲ ਅੱਗੇ ਬੀਮਾਰੀ ਫੈਲਦੀ ਹੈ ਜਿਸ ਨੂੰ ਟੀਕਿਆਂ ਦੁਆਰਾ ਰੋਕਿਆ ਜਾ ਸਕਦਾ ਹੈ, ਤਾਂ ਜਨਤਕ ਸਿਹਤ ਜਲਦੀ ਪਤਾ ਲਗਾ ਸਕਦੀ ਹੈ ਕਿ ਕਿਹੜਾ ਬੱਚਾ ਸੁਰੱਖਿਅਤ ਹੈ ਅਤੇ ਕਿਹੜਾ ਬੱਚਾ ਸੁਰੱਖਿਅਤ ਨਹੀਂ ਹੈ। ਇਹ ਸਾਨੂੰ ਤੇਜ਼ੀ ਨਾਲ ਕੰਮ ਕਰਨ ਅਤੇ ਜੋਖਮਨੂੰ ਸੀਮਤ ਕਰਨ ਦੀ ਆਗਿਆ ਦਿੰਦਾ ਹੈ। ਇਹ ਤੁਹਾਡੇ ਬੱਚੇ ਨੂੰ ਸੁਰੱਖਿਅਤ ਰੱਖਣ ਅਤੇ ਪ੍ਰਕੋਪ ਨੂੰ ਫੈਲਣ ਤੋਂ ਰੋਕਣ ਲਈ ਮਹੱਤਵਪੂਰਨ ਹੈ।

ਟੀਕਾਕਰਨ ਬਾਰੇ ਰਿਪੋਰਟ ਕਰਨ ਅਤੇ ਟੀਕਾਕਰਨ ਕਲੀਨਿਕਾਂ ਲਈ ਇਸ ਸਾਲ ਹਰੇਕ ਗ੍ਰੇਡ ਵਿੱਚ ਕੀ ਹੋ ਰਿਹਾ ਹੈ, ਇਸ ਬਾਰੇ ਹੋਰ ਜਾਣਨ ਲਈ ਹੇਠਾਂ ਪੜ੍ਹੋ।

**A. ਕਿੰਡਰਗਾਰਟਨ ਦੇ ਬੱਚਿਆਂ ਲਈ**

- ਸਾਡਾ ਜਨਤਕ ਸਿਹਤ ਸਟਾਫ ਫਾਈਲ 'ਤੇ ਮੌਜੂਦ ਟੀਕਾਕਰਨ ਰਿਕਾਰਡਾਂ ਦੀ ਜਾਂਚ ਕਰਦਾ ਹੈ। ਅਸੀਂ ਉਹਨਾਂ ਬੱਚਿਆਂ ਦੇ ਪਰਿਵਾਰਾਂ ਨਾਲ ਸੰਪਰਕ ਕਰ ਸਕਦੇ ਹਾਂ ਜਿਨ੍ਹਾਂ ਦੇ ਗੁੰਮ ਜਾਂ ਅਧੂਰੇ ਰਿਕਾਰਡ ਹਨ।

**B. ਗ੍ਰੇਡ 6 ਅਤੇ ਗ੍ਰੇਡ 9 ਦੇ ਵਿਦਿਆਰਥੀਆਂ ਲਈ**

- ਸਾਡੀਆਂ ਪਬਲਿਕ ਹੈਲਥ ਨਰਸਾਂ ਤੁਹਾਡੇ ਸਕੂਲ ਵਿੱਚ ਟੀਕਾਕਰਨ ਕਰਨਗੀਆਂ।

- ਸਕੂਲ ਵਿੱਚ ਟੀਕਾਕਰਨ ਕਲੀਨਿਕ ਤੋਂ ਪਹਿਲਾਂ ਅਸੀਂ ਹਰੇਕ ਵਿਦਿਆਰਥੀ ਲਈ ਇੱਕ ਸਹਿਮਤੀ ਫਾਰਮ ਘਰ ਭੇਜਦੇ ਹਾਂ।

- ਸਹਿਮਤੀ ਫਾਰਮ 'ਤੇ ਟੀਕਾਕਰਨ ਦੇ ਰਿਕਾਰਡ ਦੀ ਜਾਂਚ ਕਰੋ। ਜੇਕਰ ਤੁਹਾਡੇ ਕੋਲ ਹੋਰ ਟੀਕਾਕਰਨ ਰਿਕਾਰਡ ਹਨ ਜੋ ਸਹਿਮਤੀ ਫਾਰਮ 'ਤੇ ਸੂਚੀਬੱਧ ਨਹੀਂ ਹਨ, ਤਾਂ ਕਿਰਪਾ ਕਰਕੇ ਉਨ੍ਹਾਂ ਨੂੰ fraserhealth.ca/immunizationform ਤੇ ਜਨਤਕ ਸਿਹਤ ਕੋਲ ਜਮਾਂ ਕਰੋ।

fraserhealth
Better health. Best in health care.

**C. ਹੋਰ ਸਾਰੇ ਗ੍ਰੇਡਾਂ ਦੇ ਵਿਦਿਆਰਥੀਆਂ ਲਈ (ਗਰੇਡ 1, 2, 3, 4, 5, 7, 8, 10, 11 ਅਤੇ 12 ਸਮੇਤ )**

- **ਕਿਰਪਾ ਕਰਕੇ ਟੀਕਾਕਰਨ ਦੇ ਰਿਕਾਰਡ ਦੀ ਜਾਂਚ ਕਰੋ:**

ਟੀਕਾਕਰਨ ਦੇ ਰਿਕਾਰਡ healthgateway.gov.bc.ca 'ਤੇ ਦੇਖ ਸਕਦੇ ਹੋ।

11 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਦੇ ਰਿਕਾਰਡ ਉਹਨਾਂ ਦੇ ਮਾਤਾ-ਪਿਤਾ/ਸਰਪ੍ਰਸਤ ਦੇ ਅਕਾਊਂਟ 'ਤੇ ਦੇਖੇ ਜਾ ਸਕਦੇ ਹਨ।

12 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਆਪਣਾ ਅਕਾਊਂਟ ਬਣਾਉਣਾ ਪੈਂਦਾ ਹੈ।

ਜੇਕਰ ਤੁਸੀਂ ਹੈਲਥ ਗੇਟਵੇ ਤੱਕ ਨਹੀਂ ਪਹੁੰਚ ਸਕਦੇ ਹੋ ਅਤੇ ਤੁਹਾਡੇ ਕੋਲ ਫਾਈਲ 'ਤੇ ਰਿਕਾਰਡ ਨਹੀਂ ਹਨ, ਤਾਂ ਤੁਹਾਨੂੰ ਰਿਕਾਰਡ ਦੀ ਬੇਨਤੀ ਕਰਨ ਲਈ ਆਪਣੇ ਬੱਚੇ ਦੇ ਟੀਕਾਕਰਨ ਕਰਨ ਵਾਲੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰਨ ਦੀ ਲੋੜ ਹੋ ਸਕਦੀ ਹੈ। ਜੇਕਰ ਤੁਹਾਡੇ ਬੱਚੇ ਦਾ ਫਰੇਜ਼ਰ ਹੈਲਥ ਪਬਲਿਕ ਹੈਲਥ ਦੁਆਰਾ ਟੀਕਾਕਰਨ ਕੀਤਾ ਗਿਆ ਸੀ।

- **ਜੇਕਰ ਕੋਈ ਟੀਕਾਕਰਨ "ਓਵਰਡਿਊ" ਦਿਖਾਈ ਦਿੰਦਾ ਹੈ, ਪਰ ਤੁਸੀਂ ਜਾਣਦੇ ਹੋ ਕਿ ਇਹ ਪਹਿਲਾਂ ਹੀ ਦਿੱਤਾ ਗਿਆ ਸੀ:**

ਇਸਦਾ ਰਿਕਾਰਡ ਜਨਤਕ ਸਿਹਤ ਕੋਲ ਜਮ੍ਹਾਂ ਕਰੋ। ਤੁਸੀਂ ਇਸਨੂੰ fraserhealth.ca/immunizationform ਤੇ ਔਨਲਾਈਨ ਜਮ੍ਹਾਂ ਕਰ ਸਕਦੇ ਹੋ ਜਾਂ ਰਿਕਾਰਡ ਨੂੰ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿੱਚ ਦੇ ਸਕਦੇ ਹੋ।

ਯਕੀਨੀ ਬਣਾਓ ਕਿ ਤੁਸੀਂ ਜੋ ਰਿਕਾਰਡ ਦਰਜ ਕਰ ਰਹੇ ਹੋ, ਉਸ ਵਿੱਚ ਵਿਦਿਆਰਥੀ ਦਾ ਹੈ:

- ਪੂਰਾ ਨਾਮ
- ਜਨਮ ਤਾਰੀਖ
- ਜਨਮ ਵੇਲੇ ਸੈਕਸ
- ਨਿੱਜੀ ਸਿਹਤ ਨੰਬਰ (PHN) ਜੇਕਰ ਉਪਲਬਧ ਹੋਵੇ।

ਤੁਸੀਂ ਫਸਟ ਨੇਸ਼ਨਜ਼ ਕਮਿਊਨਿਟੀ ਵਿੱਚ ਇੱਕ ਕਮਿਊਨਿਟੀ ਹੈਲਥ ਨਰਸ ਨੂੰ ਟੀਕਾਕਰਨ ਰਿਕਾਰਡ ਵੀ ਦੇ ਸਕਦੇ ਹੋ।

- ਜੇਕਰ ਟੀਕਾਕਰਨ ਅਜੇ ਹੋਣਾ ਹੈ ਜਾਂ ਗੁੰਮ ਹੈ:

fraserhealth
Better health. Best in health care.

ਆਪਣੀ ਸਥਾਨਕ ਜਨਤਕ ਸਿਹਤ ਯੂਨਿਟ, ਪਰਿਵਾਰਕ ਪ੍ਰੈਕਟੀਸ਼ਨਰ, ਜਾਂ ਫਾਰਮਾਸਿਸਟ ਨਾਲ ਅਪੁਆਇੰਟਮੈਂਟ ਬੁੱਕ ਕਰੋ। ਸਾਰੇ ਪਰਿਵਾਰਕ ਪ੍ਰੈਕਟੀਸ਼ਨਰ ਅਤੇ ਫਾਰਮੇਸੀਆਂ ਵੈਕਸੀਨ ਨਹੀਂ ਲਗਾਉਂਦੇ, ਇਸ ਲਈ ਕਿਰਪਾ ਕਰਕੇ ਪਹਿਲਾਂ ਫੋਨ ਕਰਕੇ ਪੁੱਛੋ।

ਕਮਿਊਨਿਟੀ ਵੈਕਸੀਨ ਪ੍ਰਦਾਤਾਵਾਂ ਦੀ ਸੂਚੀ ਲਈ fraserhealth.ca/GetImmunized' 'ਤੇ ਜਾਓ।

ਪਬਲਿਕ ਹੈਲਥ ਯੂਨਿਟ ਵਿਖੇ ਅਪਾਇੰਟਮੈਂਟ ਬੁੱਕ ਕਰਨ ਲਈ ਆਪਣੇ ਭਾਈਚਾਰੇ ਦੇ ਨੰਬਰ 'ਤੇ ਫੋਨ ਕਰੋ:

| | |
|---|---|
| ਜੇਕਰ ਤੁਸੀਂ ਮਿਸ਼ਨ, ਐਬਟਸਫੋਰਡ, ਚਿਲਾਵੈਕ, ਅਗਾਸੀਜ਼, ਹੋਪ ਵਿੱਚ ਰਹਿੰਦੇ ਹੋ | 604-702-4906 |
| ਜੇ ਤੁਸੀਂ ਬਰਨਬੀ, ਕੋਕਿਟਲਮ, ਮੈਪਲ ਰਿਜ, ਪਿਟ ਮੀਡੋਜ਼, ਨਿਊ ਵੈਸਟਮਨਿਸਟਰ, ਪੋਰਟ ਕੋਕਿਟਲਮ, ਪੋਰਟ ਮੂਡੀ, ਡੈਲਟਾ, ਸਰ੍ਹੀ, ਵ੍ਹਾਈਟ ਰੌਕ, ਲੈਂਗਲੀ ਵਿੱਚ ਰਹਿੰਦੇ ਹੋ। | 604-476-7087 |

ਟੀਕਾਕਰਨ ਸੰਬੰਧੀ ਹੋਰ ਜਾਣਕਾਰੀ ਲਈ ਜਾਓ: Fraserhealth.ca/immunizations

ਸਾਡੇ ਸਕੂਲਾਂ ਅਤੇ ਭਾਈਚਾਰਿਆਂਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰਨ ਲਈ ਤੁਹਾਡਾ ਧੰਨਵਾਦ।

ਸੁਭਚਿੰਤਕ

ਡਾ. ਲਿਨਡਸੇ ਬਾਓਥੋਰਪ,, MD, CCFP, MPH, FRCPC
ਮੈਡੀਕਲ ਹੈਲਥ ਅਫਸਰ, ਮੈਡੀਕਲ ਡਾਇਰੈਕਟਰ